





# ਗੁਰਮਤਿ ਕਾਵਿ ਦੀ ਦਾਰਸ਼ਨਿਕ ਦ੍ਰਿਸ਼ਟੀ
## ਭਾਈ ਗੁਰਦਾਸ ਦੀਆਂ ਵਾਰਾਂ ਦੇ ਵਿਸ਼ੇਸ਼ ਸੰਦਰਭ ਵਿਚ

### ਗੁਰਮਤਿ ਕਾਵਿ ਧਾਰਾ ਦਾ ਆਗ਼ਾਜ਼

ਇਸ ਮੱਤ ਵਿਚ ਕੋਈ ਦੋਰਾਏ ਨਹੀਂ ਕਿ ਕਿਸੇ ਵੀ ਧਰਮ ਦਾ ਆਗ਼ਾਜ਼ ਉਸ ਵੇਲੇ ਦੇ ਮੌਜੂਦਾ ਹਾਲਾਤ ਅਤੇ ਚਲਦੀ ਆ ਰਹੀ ਪਰੰਪਰਾ ਦੇ ਅੰਤਰ ਸੰਵਾਦ ਵਿਚੋਂ ਇਕ ਨਵੀਂ ਦ੍ਰਿਸ਼ਟੀ ਵਜੋਂ ਹੁੰਦਾ ਹੈ। ਗੁਰਮਤਿ ਕਾਵਿ ਧਾਰਾ ਦਾ ਉਦੈ ਅਜਿਹੇ ਦੌਰ ਵਿਚ ਹੋਇਆ ਜਿੱਥੇ ਇਕ ਪਾਸੇ ਮੁਗ਼ਲ ਧਾੜਵੀਆਂ ਦੇ ਅਤਿਆਚਾਰਾਂ ਹੇਠ ਆਮ ਲੋਕਾਈ ਦੱਬੀ-ਕੁਚਲੀ ਜਾ ਰਹੀ ਸੀ। ਦੂਜੇ ਪਾਸੇ ਕੱਟੜ ਬ੍ਰਾਹਮਣਵਾਦ ਨੇ ਗਿਆਨ ਦੇ ਸਰੋਤਾਂ ਉੱਤੇ ਕਾਬਜ਼ ਹੋ ਕੇ ਵਰਣ ਵਿਵਸਥਾ ਉੱਤੇ ਆਪਣੀ ਸਿਰਦਾਰੀ ਕਾਇਮ ਕਰਦਿਆਂ ਆਪਣੇ ਆਪ ਨੂੰ ਧਰਮ ਦਾ ਅਧਿਕਾਰੀ ਐਲਾਨਿਆ ਹੋਇਆ ਸੀ। ਭਗਤੀ ਲਹਿਰ ਇਸੇ ਬ੍ਰਾਹਮਣਵਾਦੀ ਰਵੱਈਏ ਦੇ ਪ੍ਰਤਿਰੋਧ 'ਚੋਂ ਪੈਦਾ ਹੋਈ ਲਹਿਰ ਹੈ। ਇਸ ਲਹਿਰ ਨੇ ਸਰਗੁਣ ਅਤੇ ਨਿਰਗੁਣ ਭਗਤੀ ਦਾ ਪ੍ਰਚਾਰ ਕੀਤਾ। ਭਗਤੀ ਲਹਿਰ ਵਿਚ ਭਗਤਾਂ ਦੁਆਰਾ ਸਮਾਜ ਵਿਚਲੀਆਂ ਕੁਰੀਤੀਆਂ ਦਾ ਤਿੱਖਾ ਵਿਰੋਧ ਕੀਤਾ ਗਿਆ ਅਤੇ ਇਹ ਵਿਰੋਧ ਉਹਨਾਂ ਦੁਆਰਾ ਰਚੀ ਬਾਣੀ ਦਾ ਸਿਰਜਣਾਤਮਕ ਆਧਾਰ ਵੀ ਬਣਦਾ ਹੈ।

ਗੁਰਮਤਿ ਕਾਵਿ ਧਾਰਾ ਦੀ ਸੰਰਚਨਾ ਅਤੇ ਵਿਚਾਰਧਾਰਾ ਨੂੰ ਜੇ ਵਿਚਾਰਿਆ ਜਾਏ ਤਾਂ ਇਹ ਸਪਸ਼ਟ ਹੈ ਕਿ ਇਸ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਅਜਿਹੇ ਭਗਤਾਂ ਦੀ ਬਾਣੀ ਵੀ ਦਰਜ ਕੀਤੀ ਗਈ ਜਿਨ੍ਹਾਂ ਦਾ ਕਾਲ ਗੁਰੂ ਨਾਨਕ ਦੀ ਆਮਦ ਤੋਂ ਪਹਿਲਾਂ ਦਾ ਹੋਇਆ ਹੈ। ਗੁਰੂ ਬਾਣੀਕਾਰਾਂ ਅਨੁਸਾਰ ਚਲਦੀ ਆ ਰਹੀ ਪਰੰਪਰਾ ਨੂੰ ਸੰਬੋਧਨ ਹੁੰਦਿਆਂ ਅਤੇ ਗੁਰਮਤਿ ਦੇ ਸਰੂਪ ਨੂੰ ਨਿਸ਼ਚਿਤ ਕਰਦਿਆਂ ਕੇਵਲ ਉਹਨਾਂ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਗਿਆ ਜੋ ਕਿ ਗੁਰਮਤਿ ਅਨੁਸਾਰੀ ਸਨ। ਬਾਣੀ ਦੇ ਸਰੂਪ ਨੂੰ ਜੇ ਵਾਚੀਏ ਤਾਂ ਇਹ ਸਪਸ਼ਟ ਹੈ ਕਿ ਇਸ ਵਿਚ ਸਮਾਜ ਦੀ ਅਜਿਹੀ ਸੰਰਚਨਾ ਅਤੇ ਵਿਵਸਥਾ ਉੱਤੇ ਟਿੱਪਣੀ ਕੀਤੀ ਗਈ ਹੈ ਜੋ ਕਿ ਅਧਰਮ ਦੇ ਰਾਹ ਤੁਰਦੀ ਜਾ ਰਹੀ ਸੀ। ਇਸ ਟਿੱਪਣੀ ਵਿਚ ਦਿਸ਼ਾ-ਨਿਰਦੇਸ਼ 'ਧਰਮ' ਦਾ ਮਾਰਗ ਹੈ। ਧਰਮ ਤੋਂ ਟੁੱਟੇ ਲੋਕਾਂ ਨੂੰ ਮੁੜ ਧਰਮ ਦੇ ਅਸਲ ਅਰਥਾਂ ਵੱਲ ਤੁਰਨ ਦੀ ਪ੍ਰੇਰਨਾ, ਬਾਣੀ ਦਿੰਦੀ ਹੈ।

> "ਮੱਧਕਾਲ ਵਿਚ ਭਗਤੀ ਲਹਿਰ ਦਾ ਉਭਾਰ ਇਕ ਕ੍ਰਾਂਤੀਕਾਰੀ ਸਮਾਜਕ- ਸਭਿਆਚਾਰ ਲਹਿਰ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਲਹਿਰ ਨਾਲ ਸਬੰਧਿਤ ਪ੍ਰਮੁੱਖ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ। ਇਸ ਲਹਿਰ ਨੇ ਆਪਣੇ ਵੇਲੇ ਦੀ ਸਾਧਾਰਣ ਲੋਕਾਈ ਨੂੰ ਮੁਕਤੀਦਾਇਕ ਗਿਆਨ ਪ੍ਰਦਾਨ ਕਰਨ ਲਈ ਜਿਸ ਮੁਹਾਵਰੇ ਦੀ ਵਰਤੋਂ ਕੀਤੀ ਉਹ ਵੀ ਕਲਾਸੀਕਲ ਭਾਰਤੀ ਗਿਆਨ ਪਰੰਪਰਾ ਨਾਲ ਸੰਵਾਦ ਦੀ ਹੀ



**ਨਵਨੀਤ ਕੌਰ**
ਖੋਜਾਰਥੀ
ਪੰਜਾਬੀ ਵਿਭਾਗ
ਦਿੱਲੀ ਯੂਨਿਵਰਸਿਟੀ
ਦਿੱਲੀ
8527313813
office.kaur06
@gmail.com

ਉਪਜ ਹੈ। ਇਸ ਤਰ੍ਹਾਂ ਸਮੁੱਚੇ ਤੌਰ 'ਤੇ ਆਖਿਆ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਤੇ ਪ੍ਰਵਚਨ ਆਪਣੇ ਵੇਲੇ ਦੇ ਮਾਨਵੀ ਸਰੋਕਾਰਾਂ ਨਾਲ ਨਜਿੱਠਣ ਲਈ ਆਪਣੇ ਵਿਰਸੇ ਦੇ ਗਿਆਨ ਪਾਠਾਂ ਦੀ ਭਾਸ਼ਾ ਨੂੰ ਵਰਤਣ ਵਲ ਰਚਿਤ ਹੁੰਦਾ ਹੈ। ਇਹ ਤੱਥ ਇਸ ਪ੍ਰਵਚਨ ਦੀ ਭਾਰਤੀ ਗਿਆਨ ਪਰੰਪਰਾ ਨਾਲ ਡੂੰਘੀ ਸਾਂਝ ਨੂੰ ਪ੍ਰਗਟਾਉਂਦਾ ਹੈ। ਪਰ ਇਹ ਨਿਰੋਲ ਸੰਚਾਰ ਦੇ ਪੱਧਰ ਉੱਤੇ ਨਹੀਂ ਸਗੋਂ ਵਿਸ਼ਵ-ਦ੍ਰਿਸ਼ਟੀ ਅਤੇ ਜੀਵਨ-ਜਾਚ ਨਾਲ ਵੀ ਸਬੰਧਿਤ ਹੈ। ਬਾਣੀਕਾਰ ਆਪਣੇ ਸਮਕਾਲੀ ਸਮਾਜ-ਸਭਿਆਚਾਰ ਨੂੰ ਦਰਪੇਸ਼ ਚੁਣੌਤੀਆਂ ਦੇ ਸਮਾਧਾਨ ਲਈ ਵਿਰਸੇ ਦੀ ਭਾਸ਼ਾ ਅਤੇ ਗਿਆਨ ਚੇਤਨਾ ਦਾ ਭਰਪੂਰ ਉਪਯੋਗ ਕਰਦੇ ਹਨ।"[1]

## ਭਾਰਤੀ ਦਰਸ਼ਨ ਅਤੇ ਗੁਰਬਾਣੀ

ਦਰਸ਼ਨ ਕੇਵਲ ਗਿਆਨਮਈ ਵਿਚਾਰ ਨਹੀਂ ਸਗੋਂ ਇਕ ਦ੍ਰਿਸ਼ਟੀ ਹੈ। ਦਰਸ਼ਨ ਦੇ ਸ਼ਾਬਦਿਕ ਅਰਥ ਹਨ- ਦੇਖਣਾ। ਦੇਖਣ ਜਾਂ ਦਰਸ ਕਰਨ ਵਿਚ ਅਨੁਭੂਤੀ ਕਿਰਿਆਸ਼ੀਲ ਹੁੰਦੀ ਹੈ। ਭਾਰਤ ਦੀ ਦਾਰਸ਼ਨਿਕ ਪਰੰਪਰਾ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਸਦੇ ਸੰਕਲਪ ਅਤੇ ਸਿਧਾਂਤਾਂ ਨੂੰ ਜੀਵਨ ਦੇ ਵਿਚ ਅਮਲ ਕਰਕੇ ਅਨੁਭਵ ਕੀਤਾ ਜਾਏ ਤਾਂ ਹੀ ਇਹਨਾਂ ਦੀ ਸਹੀ ਸਮਝ ਬਣਾਈ ਜਾ ਸਕਦੀ ਹੈ। ਭਾਰਤ ਵਿਚ ਦਰਸ਼ਨ ਅਤੇ ਧਰਮ ਦੋ ਵੱਖਰੇ ਸੰਕਲਪ ਨਹੀਂ ਸਗੋਂ ਅੰਤਰ ਸੰਬੰਧਤ ਹਨ। ਦਰਸ਼ਨ ਦਾ ਵਿਹਾਰਕ ਪੱਖ ਧਰਮ ਹੈ। ਜਿਵੇਂ ਬੁੱਧ ਦਰਸ਼ਨ 'ਚੋਂ ਬੁੱਧ ਧਰਮ ਵਿਕਾਸ ਕਰਦਾ ਹੈ। ਭਾਰਤ ਦੀ ਆਪਣੀ ਲੰਮੀ ਗਿਆਨ ਅਤੇ ਦਾਰਸ਼ਨਿਕ ਪਰੰਪਰਾ ਰਹੀ ਹੈ। ਭਾਰਤੀ ਦਰਸ਼ਨ ਨੇ ਮੂਲ ਮਨੁੱਖੀ ਅਸਤਿਤਵ ਸਬੰਧੀ ਸਵਾਲਾਂ ਦਾ, ਬ੍ਰਹਿਮੰਡ ਦੀ ਸਿਰਜਣਾ, ਸਤਿ ਕੀ ਹੈ ਆਦਿ ਪ੍ਰਤੀ ਜਿਹੜੀ ਦਾਰਸ਼ਨਿਕ ਦ੍ਰਿਸ਼ਟੀ ਅਪਣਾਈ ਹੈ, ਉਹ ਵੈਦਿਕ ਦਰਸ਼ਨ ਉੱਤੇ ਆਧਾਰਿਤ ਹੈ। ਵੈਦਿਕ ਦਰਸ਼ਨ ਵੇਦਾਂ ਉੱਤੇ ਆਧਾਰਿਤ, ਪਰਮ ਸਤਿ ਬ੍ਰਹਮ ਨੂੰ ਮੰਨਦਾ ਹੈ।[3]

> "ਭਾਰਤ ਦੀ ਦਾਰਸ਼ਨਿਕ ਪਰੰਪਰਾ ਦਾ ਵਿਵੇਕ ਪੂਰਣ ਢੰਗ ਨਾਲ ਲੇਖਾ-ਜੋਖਾ ਕਰਨ ਲਈ ਸੱਭ ਤੋਂ ਪਹਿਲਾਂ ਦਰਸ਼ਨ ਜਾਂ ਦਰਸ਼ਨ-ਸ਼ਾਸਤਰ ਦੇ ਸੰਕਲਪ ਨੂੰ ਸਪਸ਼ਟ ਕਰ ਲੈਣਾ ਉਚਿਤ ਹੋਵੇਗਾ। ਭਾਰਤੀ ਪਰੰਪਰਾ ਅਨੁਸਾਰ 'ਦਰਸ਼ਨ' ਸ਼ਬਦ ਦੀ ਵਿਉਤਪੱਤੀ 'ਦ੍ਰਿਸ਼' ਧਾਤੂ ਤੋਂ ਹੋਈ ਹੈ ਜਿਸ ਦਾ ਅਰਥ ਹੈ 'ਦ੍ਰਿਸ਼ਟੀ' ਜਾਂ 'ਦੇਖਣਾ'। ਪਰ ਇਹ ਵਸਤੂ-ਜਗਤ ਨੂੰ ਦੇਖਣ ਵਾਲੀ ਸਾਧਾਰਣ ਦ੍ਰਿਸ਼ਟੀ ਨਹੀਂ ਸਗੋਂ ਯਥਾਰਥ ਦਾ ਆਤਮਸਾਤ ਕਰਨ ਵਾਲੀ, ਉਸ ਨੂੰ ਨੀਝ ਨਾਲ ਘੋਖਣ ਜਾਂ ਇਕਾਗਰ ਚਿੱਤ ਹੋ ਕੇ ਗ੍ਰਹਿਣ ਕਰਨ ਵਾਲੀ ਦ੍ਰਿਸ਼ਟੀ ਹੈ। ਦੂਸਰੇ ਸ਼ਬਦਾਂ ਵਿਚ ਜੀਵਨ ਅਤੇ ਯਥਾਰਥ ਦੀ ਵਾਸਤਵਿਕਤਾ ਦਾ ਤੱਤ-ਨਿਖੇੜ ਕਰਨ ਵਾਲੀ ਦ੍ਰਿਸ਼ਟੀ ਹੀ ਇਸ ਦਰਸ਼ਨ-ਸ਼ਾਸਤਰ ਦਾ ਮੂਲ ਆਧਾਰ ਹੈ। ਦਰਸ਼ਨ-ਸ਼ਾਸਤਰ ਦਾ ਇਹ ਸੰਕਲਪ ਪੱਛਮੀ ਪਰੰਪਰਾ ਦੇ ਫਿਲਾਸਫੀ -philosophy- ਸ਼ਬਦ ਨਾਲੋਂ ਵੱਖਰਾ ਹੈ ਜਿਸ ਦਾ ਮੂਲ ਅਰਥ ਹੈ 'ਲਵ ਆਫ਼ ਵਿਜ਼ਡਮ -love of wisdom- ਅਰਥਾਤ ਬੌਧਿਕ ਗਿਆਨ ਨਾਲ ਪ੍ਰੇਮ। ਭਾਰਤੀ ਦਰਸ਼ਨ ਦੇ ਕਿਸੇ ਵੀ ਕਿਸਮ ਵਿਵੇਚਨ ਲਈ ਇਸ ਮੂਲ ਨਿਖੇੜੇ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ।"[4]

ਗੁਰੂ ਗ੍ਰੰਥ ਸਾਹਿਬ ਵਿਚਲੀ ਸ਼ਬਦਾਵਲੀ ਨੂੰ ਪੜ੍ਹਦਿਆਂ ਇਹ ਪਤਾ ਲੱਗਦਾ ਹੈ ਕਿ ਇਸਦੇ ਸੰਕਲਪ ਅਤੇ ਸਿਧਾਂਤ ਭਾਰਤ ਦੀ ਚਲਦੀ ਆ ਰਹੀ ਦਾਰਸ਼ਨਿਕ ਪਰੰਪਰਾ ਨੂੰ ਸੰਬੋਧਤ ਹਨ। ਗੁਰਬਾਣੀ ਵਿਚ ਵਰਤੀ ਗਈ ਸ਼ਬਦਾਵਲੀ ਵਿਚ ਬ੍ਰਹਮ, ਨਿਰੰਕਾਰ, ਜੀਅ, ਤ੍ਰੈਗੁਣ, ਚਿਤ, ਚਾਰ ਪਦਾਰਥ, ਅਨੰਦ, ਗੁਰੂ, ਸੁਰਤਿ ਆਦਿ ਅਨੇਕਾਂ ਹੀ ਸੰਕਲਪੀ ਸ਼ਬਦ ਭਾਰਤੀ ਦਰਸ਼ਨ ਅਤੇ ਚਿੰਤਨ ਦੇ ਵਿਸ਼ੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਰਤੀ ਗਿਆਨ ਪਰੰਪਰਾ ਦੀ ਸਿਖ਼ਰ ਮੰਨਿਆ ਜਾਂਦਾ ਹੈ। ਗੁਰਮਤਿ ਕਾਵਿ ਧਾਰਾ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਸ ਦੁਆਰਾ ਪ੍ਰਚਾਰੀ ਸਮਾਜਕ ਵਿਵਸਥਾ ਨਿਰੋਲ ਧਰਮ ਦੇ ਦਾਰਸ਼ਨਿਕ ਪੱਖ ਉੱਤੇ ਆਧਾਰਿਤ ਹੈ। ਸਿੱਖ ਮੱਤ ਦੀ ਵਿਵਹਾਰਕ ਵਿਵਸਥਾ ਇਸਨੂੰ ਆਪਣੇ ਵੇਲੇ ਦੇ ਸਮਕਾਲੀ ਸਮਾਜ ਤੋਂ ਵੱਖਰੀ ਜੀਵਨ ਸ਼ੈਲੀ ਪ੍ਰਦਾਨ ਕਰਦੀ ਹੈ ਜਿਸਦਾ ਆਧਾਰ ਦਰਸ਼ਨ ਦੀਆਂ ਉਹਨਾਂ ਲੀਹਾਂ ਉੱਤੇ ਸਿਰਜਿਆ ਗਿਆ ਹੈ ਜੋ ਭਾਰਤੀ ਦਰਸ਼ਨ ਪਰੰਪਰਾ ਵਿਚ ਵਿਹਾਰ ਦੇ ਆਧਾਰ ਉੱਤੇ ਖ਼ਤਮ ਹੁੰਦੀਆਂ ਜਾ ਰਹੀਆਂ ਸਨ। ਗੁਰਮਤਿ ਕਾਵਿ ਦੀ ਦਾਰਸ਼ਨਿਕ ਦ੍ਰਿਸ਼ਟੀ ਨੂੰ ਜਦੋਂ ਵਿਚਾਰਿਆ ਜਾਂਦਾ ਹੈ ਤਾਂ ਉਸ ਵੇਲੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਗੁਰਮਤਿ ਦਰਸ਼ਨ ਇਕ ਵਿਸ਼ੇਸ਼ ਕਿਸਮ ਦੀ ਜੀਵਨ ਦ੍ਰਿਸ਼ਟੀ ਪ੍ਰਦਾਨ ਕਰ ਰਿਹਾ ਹੈ ਜੋ ਕਿ ਸੰਸਾਰ ਵਿਚ ਮਨੁੱਖੀ ਜੀਵਨ ਦੇ ਅਧਿਆਤਮਕ ਸਫ਼ਰ ਉੱਤੇ ਕੇਂਦਰਿਤ ਹੈ। ਜਿੱਥੇ ਇਹ ਸਮਾਜ ਨੂੰ ਸੰਬੋਧਤ ਹੈ ਉੱਥੇ ਇਸ ਸੰਬੋਧਨ ਦਾ

ਆਧਾਰ ਅਧਿਆਤਮਕ ਜੀਵਨ ਦਰਸ਼ਨ ਹੈ। ਭਾਰਤੀ ਦਰਸ਼ਨ ਦੇ ਹੋਰਾਂ ਦਰਸ਼ਨ ਵਾਂਗ ਹੀ ਗੁਰਮਤਿ ਮੁਕਤ ਹੋਣ ਲਈ ਇਸ ਮਨੁੱਖੀ ਜਨਮ ਨੂੰ ਦੁਰਲਭ ਮੰਨਦੀ ਹੈ।

*ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥*
*ਪੂਰੈ ਭਾਗਿ ਸਤਿਗੁਰੁ ਮਿਲੈ ਹਰਿ ਨਾਮੁ ਧਿਆਇ ॥*[5]

## ਗੁਰਬਾਣੀ ਵਿਚਲੀ ਬ੍ਰਹਿਮੰਡਿਕ ਚੇਤਨਾ:

ਵਿਸ਼ਵ-ਦ੍ਰਿਸ਼ਟੀ ਮੂਲ ਰੂਪ ਵਿਚ ਮਨੁੱਖ ਦੇ ਸਮੁੱਚੇ ਜੀਵਨ ਦਰਸ਼ਨ ਦੀ ਲਖਾਇਕ ਹੈ ਜਿਸਦੀ ਰੌਸ਼ਨੀ ਵਿਚ ਉਹ ਯਥਾਰਥ ਨਾਲ ਅਰਥ-ਸਾਰਥਕਤਾ ਦਾ ਰਿਸ਼ਤਾ ਜੋੜਦਾ ਹੈ। ਇਸਨੂੰ ਮਨੁੱਖੀ ਜੀਵਨ ਅਤੇ ਜਗਤ ਸਬੰਧੀ ਵਿਚਾਰਾਂ, ਸੰਕਲਪਾਂ ਅਤੇ ਧਾਰਣਾਵਾਂ ਦਾ ਸੰਗਠਿਤ ਪ੍ਰਬੰਧ ਵੀ ਮੰਨਿਆ ਜਾ ਸਕਦਾ ਹੈ। ਦੇਖਣਾ ਇਹ ਹੈ ਕਿ ਬਾਣੀਕਾਰਾਂ ਦੀ ਇਹ ਵਿਸ਼ਵ-ਦ੍ਰਿਸ਼ਟੀ ਕੀ ਹੈ ਅਤੇ ਇਸਨੇ ਦਿਸਦੇ ਜਗਤ ਅਤੇ ਯਥਾਰਥ ਦੀ ਕਿਸ ਕਿਸਮ ਦੀ ਵਿਆਖਿਆ ਪੇਸ਼ ਕੀਤੀ ਹੈ।[6] ਗੁਰਬਾਣੀ ਵਿਚਲੀ ਵਿਸ਼ਵ ਦ੍ਰਿਸ਼ਟੀ ਬਾਬਤ ਸ੍ਰਿਸ਼ਟੀ ਸਿਰਜਣਾ ਅਤੇ ਮਨੁੱਖ ਦੇ ਇਸ ਨਾਲ ਸੰਬੰਧ ਨੂੰ ਬ੍ਰਹਮ-ਜੀਵ-ਜਗਤ ਦੇ ਆਧਾਰ ਉੱਤੇ ਸਮਝਿਆ ਜਾ ਸਕਦਾ ਹੈ। ਗੁਰਮਤਿ ਕੇਵਲ ਨਿਰਗੁਣ-ਨਿਰਾਕਾਰ ਬ੍ਰਹਮ ਦੀ ਪਰਮ ਸੱਤਾ ਦਾ ਪ੍ਰਚਾਰ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚਲਾ ਮੂਲ ਮੰਤਰ ਇਸੇ ਨਿਰਗੁਣ-ਨਿਰਾਕਾਰ ਬ੍ਰਹਮ ਦੇ ਸਰੂਪ ਦੀ ਵਿਆਖਿਆ ਹੈ। ਕਾਲ ਅਤੇ ਸਮੇਂ ਦੀ ਸੀਮਾ ਤੋਂ ਪਰ੍ਹੇ, ਬ੍ਰਹਮ ਸੈਭੰ ਹੈ। ਦਿੱਸਦਾ ਜਗਤ ਬ੍ਰਹਮ ਦੇ ਸਰਗੁਣ ਸਰੂਪ ਵੱਲ ਸੰਕੇਤ ਕਰਦਾ ਹੈ। ਜਗਤ ਬ੍ਰਹਮ ਦੀ ਹੀ ਕ੍ਰਿਤ ਹੈ ਅਤੇ ਇਸ ਵਿਚ ਉਸਦਾ ਵਾਸ ਹੈ। ਜੀਵ, ਜਗਤ ਵਿਚ ਵਿਚਰਦਿਆਂ ਬ੍ਰਹਮ ਦੀ ਪਰਮ ਸੱਤਾ ਦਾ ਅਨੁਭਵ ਕਰਦਾ ਹੈ। ਜੀਵ ਬ੍ਰਹਮ ਦਾ ਹੀ ਅੰਸ਼ ਹੈ। ਜੀਵ ਅਤੇ ਜਗਤ ਕਾਲ ਅਤੇ ਸਮੇਂ ਵਿਚ ਬੰਨ੍ਹੇ ਹੋਏ ਹਨ।

ਗੁਰਬਾਣੀ ਵਿਚ ਬ੍ਰਹਮ, ਅਕਾਲ ਪੁਰਖ ਪਰਮਾਤਮਾ ਦੀ ਏਕਾਕ੍ਰਿਤ ਉੱਤੇ ਬਾਰ ਬਾਰ ਧਿਆਨ ਕੇਂਦਰਿਤ ਕਰਾਇਆ ਜਾਂਦਾ ਹੈ। ਸਮਾਜਕ ਵਿਵਸਥਾ ਵਿਚ ਵੀ ਗੁਰਮਤਿ ਇਸੇ ਦ੍ਰਿਸ਼ਟੀ ਤੋਂ ਸਾਰਿਆਂ ਨੂੰ ਸਮਾਨਤਾ ਨਾਲ ਦੇਖਣ ਦੀ ਅਤੇ ਸਮਾਨ ਵਿਵਹਾਰ ਕਰਨ ਉੱਤੇ ਜ਼ੋਰ ਦਿੰਦੀ ਹੈ। ਹਰੇਕ ਕਣ, ਜੀਅ ਵਿਚ ਬ੍ਰਹਮ ਦਾ ਵਾਸ ਹੈ। ਅਨੇਕਾਂ ਹੀ ਸ਼ਬਦ ਇਸ ਸੰਦਰਭ ਵਿਚ ਮਿਲਦੇ ਹਨ

*ਸਾਹਿਬ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥*[7]
*ਘਟਿ ਘਟਿ ਮਹਿ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥*[8]
*ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥*[9]
*ਸਭੇ ਸਾਝੀਵਾਲ ਸਦਾਇਨਿ ਤੂੰ ਕਿਸਹਿ ਨ ਦਿਸਹਿ ਬਾਹਰਾ ਜੀਉ ॥*[10]

ਗੁਰਮਤਿ ਦੀ ਦਾਰਸ਼ਨਿਕ ਦ੍ਰਿਸ਼ਟੀ ਵਿਚ ਜਗਤ ਬ੍ਰਹਮ ਦੀ ਕ੍ਰਿਤ ਹੈ ਅਤੇ ਬ੍ਰਹਮ ਕੋਈ ਅਜਿਹੀ ਸ਼ੈਅ ਨਹੀਂ ਜੋ ਕਿ ਪਾਰ ਕਿਸੇ ਲੋਕ ਵਿਚ ਵਾਸ ਕਰਦੀ ਹੈ। ਜਗਤ ਅਤੇ ਸਾਰੇ ਬ੍ਰਹਿਮੰਡ ਵਿਚ ਉਹ ਆਪ ਵਰਤ ਰਿਹਾ ਹੈ। ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ।[11] ਪੱਛਮੀ ਅਤੇ ਸਾਮੀ ਦਰਸ਼ਨ ਦੀ ਭਾਰਤੀ ਅਤੇ ਗੁਰਮਤਿ ਦਰਸ਼ਨ ਨਾਲ ਇਸ ਨੁਕਤੇ ਤੋਂ ਹੀ ਸਿਧਾਂਤਕ ਵੱਖਰਤਾ ਦੇਖੀ ਜਾ ਸਕਦੀ ਹੈ। ਇਹ ਵੱਖਰਤਾ ਪੂਰੀ ਦੀ ਪੂਰੀ ਦਾਰਸ਼ਨਿਕ ਪਰੰਪਰਾ ਦੇ ਵਿਕਾਸ ਨੂੰ ਆਪਣੇ ਤੋਂ ਵਿਪਰੀਤ ਦਿਸ਼ਾ ਵੱਲ ਲੈ ਜਾਂਦੀ ਹੈ।

## ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰਮਤਿ ਦਰਸ਼ਨ

ਭਾਈ ਗੁਰਦਾਸ ਦੀਆਂ ਵਾਰਾਂ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ। ਗੁਰਬਾਣੀ ਦੇ ਪਹਿਲੇ ਅਤੇ ਪ੍ਰਮਾਣਿਕ ਵਿਆਖਿਆਕਾਰ ਹੋਣ ਬਾਬਤ ਭਾਈ ਗੁਰਦਾਸ ਵਲੋਂ ਗੁਰਬਾਣੀ ਵਿਆਖਿਆਕਾਰੀ ਦੇ ਲਈ ਕਿਹੜੇ ਸਿਧਾਂਤਾਂ, ਵਿਚਾਰਧਾਰਾ ਅਤੇ ਦਾਰਸ਼ਨਿਕ ਦ੍ਰਿਸ਼ਟੀ ਨੂੰ ਆਧਾਰ ਬਣਾਇਆ ਗਿਆ? ਭਾਰਤ ਦੀ ਦਾਰਸ਼ਿਨਕ ਪਰੰਪਰਾ ਦਾ ਗੁਰਮਤਿ ਚਿੰਤਨ ਲਈ ਲੋੜੀਂਦਾ ਸਥਾਨ, ਭਾਈ ਗੁਰਦਾਸ ਕਿਸ ਤਰ੍ਹਾਂ ਨਿਸ਼ਚਿਤ ਕਰਦੇ ਹਨ?

ਭਾਈ ਗੁਰਦਾਸ ਆਪਣੀ ਵਾਰ ਰਚਨਾ ਵਿਚ ਗੁਰਬਾਣੀ ਦੀ ਵਿਆਖਿਆ ਕਰਦਿਆਂ ਭਾਰਤੀ ਦਰਸ਼ਨ ਦੇ ਉਹਨਾਂ ਸਿਧਾਂਤਾਂ ਅਤੇ ਸੰਕਲਪਾਂ ਨੂੰ ਵਿਚਾਰਦੇ ਹਨ ਜੋ ਕਿ ਚਲਦੀ ਆ ਰਹੀ ਪਰੰਪਰਾ ਦਾ ਭਾਗ ਹਨ। ਉਹਨਾਂ ਦੀ ਰਚਨਾ ਜਿੱਥੇ ਗੁਰਮਤਿ ਦੇ ਵਿਹਾਰਕ ਪੱਖ ਨੂੰ ਸਿਰਜ ਰਹੀ ਹੈ ਅਤੇ ਗੁਰਸਿੱਖ ਦੀ ਜੀਵਨ ਸ਼ੈਲੀ ਨੂੰ ਬਿਆਨ ਕਰਦੀ ਹੈ, ਉੱਥੇ ਇਸ ਵਿਹਾਰ ਦੇ ਲਈ ਜਿਸ ਦਰਸ਼ਨ ਅਤੇ ਦ੍ਰਿਸ਼ਟੀ ਦੀ ਲੋੜ ਹੈ, ਉਸਨੂੰ ਉਹਨਾਂ ਦੁਆਰਾ ਪਹਿਲੀ ਵਾਰ ਦੀ ਸ਼ੁਰੂਆਤ ਵਿਚ ਹੀ ਬਿਆਨ ਕਰ ਦਿੱਤਾ ਗਿਆ ਹੈ।

ਪਹਿਲੀ ਵਾਰ ਦੀਆਂ ਸ਼ੁਰੂਆਤੀ ਪਉੜੀਆਂ ਵਿਚ ਉਹਨਾਂ ਦੁਆਰਾ ਜਗਤ ਉਤਪਤੀ ਦਾ ਵਰਣਨ ਅਤੇ ਮਨੁੱਖੀ ਜਨਮ ਦੀ ਸ੍ਰੇਸ਼ਟਤਾ ਨੂੰ ਬਿਆਨ ਕਰਦਿਆਂ ਜੁਗਾਂ ਦੇ ਵਰਣਨ ਕੀਤੇ ਗਏ। ਜਗਤ ਦੀ ਉਤਪਤੀ ਇਕ ਦਾਰਸ਼ਨਿਕ ਸਵਾਲ ਹੈ। ਵਿਸ਼ਵ ਦੀਆਂ ਧਾਰਮਿਕ ਪਰੰਪਰਾਵਾਂ ਅਤੇ ਉਹਨਾਂ ਦੀ ਵਿਸ਼ਵ-ਦ੍ਰਿਸ਼ਟੀ ਦੇ ਨੁਕਤੇ ਤੋਂ ਹੀ ਆਪਸੀ ਵੱਖਰਤਾ ਸਿੱਧ ਹੈ ਜਿਸ ਕਾਰਣ ਉਹਨਾਂ ਦੀ ਸਮੁੱਚੀ ਸਮਾਜ-ਸਭਿਆਚਾਰਕ ਬਣਤਰ ਤੇ ਵਿਹਾਰ ਵਿਚ ਇਸਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਇਹ ਵਿਸ਼ਵ ਦ੍ਰਿਸ਼ਟੀ ਮਨੁੱਖ ਦੀ ਜੀਵਨ ਦ੍ਰਿਸ਼ਟੀ ਨੂੰ ਵੀ ਪ੍ਰਭਾਵਤ ਕਰਦੀ ਹੈ। ਭਾਈ ਗੁਰਦਾਸ ਇਸ ਪਰਿਸਥਿਤੀ ਪ੍ਰਤੀ ਸੁਚੇਤ ਨਜ਼ਰ ਆਉਂਦੇ ਹਨ। ਇਸੇ ਲੜੀ ਤਹਿਤ ਜਗਤ ਉਤਪਤੀ ਦੇ ਗੁਰਮਤਿ ਸਿਧਾਂਤ ਨੂੰ ਨਿਸ਼ਚਿਤ ਕਰਦਿਆਂ ਆਦਿ ਵਿਚ ਸੁੰਨ ਅਤੇ ਅੰਧਕਾਰ ਦੀ ਅਵਸਥਾ (ਗੁਰਬਾਨੀ ਅਨੁਸਾਰ ਅਰਬਦ ਨਰਬਦ ਧੁੰਧੂਕਾਰਾ) ਨੂੰ ਚਿਤਵਦੇ ਹਨ ਅਤੇ ਫੇਰ ਪੰਜ ਤੱਤਾਂ ਦੁਆਰਾ ਪ੍ਰਕਿਰਤੀ ਦੀ ਸਿਰਜਣਾ ਨੂੰ ਸਿੱਧ ਕਰਦੇ ਹਨ; ਜੋ ਕਿ ਭਾਰਤੀ ਗਿਆਨ ਅਤੇ ਦਰਸ਼ਨ ਵਲੋਂ ਪ੍ਰਾਪਤ ਵਿਸ਼ਵ-ਦ੍ਰਿਸ਼ਟੀ ਨਾਲ ਮੇਲ ਖਾਂਦਾ ਹੈ।

*ਪ੍ਰਿਥਮੈ ਸਾਸਿ ਨ ਮਾਸ ਸਨਿ ਅੰਧ ਧੁੰਧ ਕਛੁ ਖਬਰਿ ਨ ਪਾਈ।*
*ਰਕਤਿ ਬਿੰਦ ਕੀ ਦੇਹਿ ਰਚਿ ਪੰਚਿ ਤਤ ਕੀ ਜੜਤ ਜੜਾਈ।*
*ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ।*
*ਪੰਚਮਿ ਵਿਚਿ ਆਕਾਸੁ ਕਰਿ ਕਰਤਾ ਛਟਮੁ ਅਦਿਸਟੁ ਸਮਾਈ।*
*ਪੰਚ ਤਤ ਪੰਚੀਸਿ ਗੁਨਿ ਸਤ੍ਰ ਮਿਤ੍ਰ ਮਿਲਿ ਦੇਹਿ ਬਣਾਈ।*
*ਖਾਣੀ ਬਾਣੀ ਚਲਿਤੁ ਕਰਿ ਆਵਾ ਗਉਣ ਚਰਿਤ ਦਿਖਾਈ।*
*ਚਉਰਾਸੀਹ ਲਖ ਜੋਨਿ ਉਪਾਈ ॥੨॥*[12]

ਭਾਈ ਸਾਹਿਬ ਭਾਰਤੀ ਗਿਆਨ ਗ੍ਰੰਥਾਂ ਦੇ ਬਹੁਤ ਵੱਡੇ ਗਿਆਨੀ ਸਨ। ਉਹਨਾਂ ਦੀ ਵਾਰ ਰਚਨਾ ਵਿਚ ਛੇਆਂ ਸ਼ਾਸਤਰਾਂ ਦਾ ਵਰਣਨ ਕੀਤਾ ਮਿਲਦਾ ਹੈ। ਉਹਨਾਂ ਦੁਆਰਾ ਨਿਆਇ, ਮੀਮਾਂਸਾ, ਵੇਦਾਂਤ, ਸ਼ਾਂਖ, ਵੈਸ਼ਿਸ਼ਕ ਅਤੇ ਪਾਤੰਜਲੀ ਦੇ ਸ਼ਾਸਤਰ ਦਾ ਨਿਚੋੜ ਦਿੱਤਾ ਗਿਆ ਹੈ। ਇਹਨਾਂ ਦਾਰਸ਼ਨਿਕ ਸਿਧਾਂਤਾਂ ਦੀ ਵਿਆਖਿਆ ਭਾਈ ਗੁਰਦਾਸ ਪਾਸੋਂ ਗੁਰਮਤਿ ਦੀ ਦ੍ਰਿਸ਼ਟੀ ਤੋਂ ਕੀਤੀ ਗਈ ਹੈ। ਖੱਟ ਦਰਸ਼ਨ ਵਿਚ ਨਿਆਇ ਗਿਆਨ ਉੱਤੇ ਕੇਂਦਰਿਤ ਹੈ, ਮੀਮਾਂਸਾ ਕਰਮ ਆਧਾਰਿਤ ਹੈ, ਵੇਦਾਂਤ ਜਗਤ ਦੇ ਮੂਲ ਵਜੋਂ ਬ੍ਰਹਮ ਦੀ ਵਿਆਖਿਆ ਕਰਦਾ ਹੈ, ਸਾਂਖ ਦੁਆਰਾ ਪ੍ਰਕਿਰਤੀ ਦੇ ਨਿੱਤ ਅਤੇ ਅਨਿੱਤ ਗੁਣਾਂ ਦੀ ਸੰਖਿਆ ਬਿਆਨ ਕੀਤੀ ਗਈ ਹੈ। ਉਹਨਾਂ ਦੁਆਰਾ ਛੇਆਂ ਸ਼ਾਸਤਰਾਂ ਦਾ ਵਰਣਨ ਕਰਦਿਆਂ ਅਖ਼ੀਰ ਵਿਚ ਸਿੱਖ ਜੀਵਨ ਜਾਚ ਵਿਚ ਸਤਿਗੁਰ, ਗੁਰਮੁਖ ਅਤੇ ਨਾਮ ਦੀ ਮਹਿਮਾ ਨੂੰ ਉਜਾਗਰ ਕੀਤਾ ਗਿਆ ਹੈ। ਉਹਨਾਂ ਦੁਆਰਾ ਇਹਨਾਂ ਦਾਰਸ਼ਨਿਕ ਸਿਧਾਂਤਾਂ ਦੇ ਵਰਣਨ ਦਾ ਕਾਰਣ ਆਪਣੇ ਪਰੰਪਰਾਗਤ ਗਿਆਨ ਬਾਰੇ ਜਾਣਕਾਰੀ ਹੋਣ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਉਦਾਹਰਣ ਲਈ ਭਾਈ ਗੁਰਦਾਸ ਦੀ ਵੇਦਾਂਤ ਦਰਸ਼ਨ ਨਾਲ ਸੰਬੰਧਤ ਨਿਮਨ ਲਿਖਤ ਪਉੜੀ, ਵੇਦਾਂਤ ਦੁਆਰਾ ਦੱਸੇ ਗਿਆਨ ਮਾਰਗ ਵਿਚ ਗੁਰੂ ਦੀ ਸਰਣ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਗੁਰਮਿਤ ਦਰਸ਼ਨ ਦੇ ਸਰੂਪ ਨੂੰ ਨਿਸ਼ਚਿਤ ਕਰਦਾ ਹੈ। ਇਸ ਤੋਂ ਭਾਵ ਇਹ ਹੈ ਕਿ ਗੁਰਬਾਣੀ ਵਾਂਗ ਹੀ ਭਾਈ ਗੁਰਦਾਸ ਵੀ ਮੌਜੂਦਾ ਪਰੰਪਰਾ ਨਾਲ ਸੰਵਾਦ ਰਚਾਉਂਦਿਆਂ ਸਿੱਖੀ ਜੀਵਨ ਜਾਚ ਦੇ ਵਿਹਾਰਕ ਪੱਖ ਨੂੰ ਸਿਰਜ ਰਹੇ ਹਨ।

*ਸਿਆਮ ਵੇਦ ਕਉ ਸੋਧਿ ਕਰਿ ਮਥਿ ਵੇਦਾਂਤੁ ਬਿਆਸਿ ਸੁਣਾਇਆ।*
*ਕਥਨੀ ਬਦਨੀ ਬਾਹਰਾ ਆਪੇ ਅਪਣਾ ਬ੍ਰਹਮੁ ਜਣਾਇਆ।*
*ਨਦਰੀ ਕਿਸੈ ਨ ਲਿਆਵਈ ਹਉਮੈ ਅੰਦਰਿ ਭਰਮਿ ਭੁਲਾਇਆ।*
*ਆਪੁ ਪੁਜਾਇ ਜਗਤ ਵਿਚਿ ਭਾਉ ਭਗਤਿ ਦਾ ਮਰਮੁ ਨ ਪਾਇਆ।*
*ਤ੍ਰਿਪਤਿ ਨ ਆਵੀ ਵੇਦਿ ਮਥਿ ਅਗਨੀ ਅੰਦਰਿ ਤਪਤਿ ਤਪਾਇਆ।*
*ਮਾਇਆ ਡੰਡ ਨ ਉਤਰੇ ਜਮ ਡੰਡੈ ਬਹੁ ਦੁਖਿ ਰੂਆਇਆ।*
*ਨਾਰਦਿਮੁਨਿ ਉਪਦੇਸਿਆ ਮਥਿ ਭਾਗਵਤ ਗੁਨਿ ਗੀਤ ਕਰਾਇਆ।*
*ਬਿਨੁ ਸਰਨੀ ਨਹਿ ਕੋਇ ਤਰਾਇਆ ॥੧੯॥*[13]

ਆਪਣੇ ਸਮਕਾਲੀ ਦੌਰ ਦੀਆਂ ਪਰਿਸਥਿਤੀਆਂ ਅਤੇ ਸੰਕਟ ਦਾ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ 19ਵੀਂ, 20ਵੀਂ ਤੇ 21ਵੀਂ ਪਉੜੀ ਵਿਚ ਵਰਣਨ ਮਿਲਦਾ ਹੈ। ਹਿੰਦੂ ਸਮਾਜ ਆਪਣੇ ਮੂਲ ਸਿਧਾਂਤਾਂ ਨਾਲੋਂ ਥਿੜਕ ਕੇ ਪਾਖੰਡੀ ਬਣ ਗਿਆ ਸੀ। ਲੋਕ ਭਰਮ-ਭੁਲੇਖਿਆਂ ਦੇ ਚੱਕਰਾਂ ਵਿਚ ਪੈ ਗਏ ਸਨ।

*ਭਈ ਗਿਲਾਨਿ ਜਗਤਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ ।*
*ਦਸਿ ਨਾਮਿ, ਸੰਨਿਆਸੀਆ ਜੋਗੀ ਬਾਰਹ ਪੰਥ ਚਲਾਏ ।*
*ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ ।*
*ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ ।*
*ਖਟੁ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ ।*
*ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ ।*
*ਇਕਸਿ ਤੇ ਬਹੁ ਰੂਪਿ ਕਰਿ ਰੂਪਿ ਕੁਰੂਪੀ ਘਣੇ ਦਿਖਾਏ ।*
*ਕਲਿਜੁਗਿ ਅੰਦਰਿ ਭਰਮਿ ਭੁਲਾਏ ॥੧੯॥*[14]

ਦੂਜੇ ਪਾਸੇ ਮੁਸਲਮਾਨੀ ਮਤ ਦੁਆਰਾ ਜ਼ੋਰ-ਜ਼ਬਰਦਸਤੀ ਦੇ ਆਧਾਰ 'ਤੇ ਗਊਆਂ, ਗਰੀਬਾਂ ਤੇ ਔਰਤਾਂ ਦੀ ਬੇਪਤੀ ਕੀਤੀ ਜਾ ਰਹੀ ਸੀ। ਪਾਪ ਹਰ ਤਰਫ਼ ਪਸਰਿਆ ਹੋਇਆ ਸੀ।

*ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦਿ ਯਾਰਾ ।*
*ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ ।*
*ਰੋਜੇ ਈਦ ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ ।*
*ਪੀਰ ਪੈਕੰਬਰਿ ਅਉਲੀਏ ਗਉਸਿ ਕੁਤਬ ਬਹੁ ਭੇਖ ਸਵਾਰਾ ।*
*ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ ।*
*ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ ।*
*ਕਾਫਰਿ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ ।*
*ਪਾਪੇ ਦਾ ਵਰਤਿਆ ਵਰਤਾਰਾ ॥੨੦॥*[15]

ਉਸ ਸਥਿਤੀ ਵਿਚ ਧਰਤੀ ਉੱਪਰ ਧਰਮ ਰੂਪੀ ਧੌਲ ਕੁਰਲਾਉਣ ਵਾਲੀ ਅਵਸਥਾ ਵਿਚ ਸੀ। ਇਸ ਸਾਰੀ ਸਥਿਤੀ ਦਾ ਵਰਣਨ ਰਚਨਾਕਾਰ ਪਾਸੋਂ ਇਹ ਸਪਸ਼ਟ ਕਰਦਾ ਹੈ ਕਿ ਭਾਰਤ ਦੀ ਭੂਮੀ ਉੱਤੇ ਸਤਿ ਦਰ ਕਿਨਾਰੇ ਹੋ ਗਿਆ ਸੀ। ਹਿੰਦੂ ਲੋਕਾਂ ਦੁਆਰਾ ਆਪਣੇ ਗਿਆਨਮਈ ਵਿਰਸੇ ਤੋਂ ਟੁੱਟ ਕੇ ਅਧਰਮ ਦਾ ਪੈਂਡਾ ਫੜਿਆ ਹੋਇਆ ਸੀ। ਇਸਲਾਮ ਮੱਤ ਦੁਆਰਾ ਸ਼ਰੀਅਤ ਅਨੁਸਾਰ ਜੀਵਨ ਜੀਉਣ ਦਾ ਆਦੇਸ਼ ਹਰੇਕ ਨੂੰ ਦਿੱਤਾ ਜਾਣ ਲੱਗਾ ਅਤੇ ਉਸ ਦੇ ਵਿਰੋਧ ਵਿਚ ਜੇ ਕੋਈ ਖੜਦਾ ਤਾਂ ਉਸਨੂੰ ਕਾਫ਼ਰ ਸਿੱਧ ਕਰ ਲਿਆ ਜਾਂਦਾ।

*ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਪ੍ਰਭੁ ਆਪੇ ਹੋਆ ।*
*ਆਪੇ ਪਟੀ ਕਲਮਿ ਆਪਿ ਆਪੇ ਲਿਖਣਹਾਰਾ ਹੋਆ ।*
*ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ ।*
*ਵਰਤਿਆ ਪਾਪੁ ਜਗਤ੍ਰਿ ਤੇ ਧਉਲੁ ਉਡੀਣਾ ਨਿਸਿਦਿਨਿ ਰੋਆ ।*
*ਬਾਝੁ ਦਇਆ ਬਲਹੀਣ ਹੋਇ ਨਿਘਰੁ ਚਲੇ ਰਸਾਤਲਿ ਟੋਆ ।*
*ਖੜਾ ਇਕਤੇ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਆ ।*
*ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ ।*
*ਧਰਮ ਧਉਲੁ ਪੁਕਾਰੈ ਤਲੈ ਖੜੋਆ ॥੨੨॥*[16]

ਅਧਰਮ ਤੋਂ ਧਰਮ ਵੱਲ ਦੀ ਮੁੜ ਸਥਾਪਨਾ ਭਾਰਤੀ ਗਿਆਨ ਅਤੇ ਦਰਸ਼ਨ ਦੇ ਸੋਮਿਆਂ ਤੋਂ ਹੀ ਕੀਤੀ ਜਾ ਸਕਦੀ ਹੈ। ਵਿਆਖਿਆਕਾਰ ਪਾਸੋਂ ਇਹਨਾਂ ਦਾਰਸ਼ਨਿਕ ਸਿਧਾਂਤਾਂ ਨੂੰ ਸੰਬੋਧਨ ਹੋਣ ਦਾ ਕਾਰਣ ਗੁਰਮਤਿ ਅਧਿਐਨ ਦੇ ਲਈ ਇਹਨਾਂ ਸਿਧਾਂਤਾਂ ਨੂੰ ਪੜ੍ਹਨ ਅਤੇ ਸਮਝਣ ਦੀ ਲੋੜ ਨੂੰ ਦਰਸਾਉਂਦਾ ਹੈ। ਭਾਈ ਗੁਰਦਾਸ ਭਾਰਤੀ ਅਤੇ ਪੱਛਮੀ ਦਰਸ਼ਨ ਦੇ ਸਿਧਾਂਤਕ ਵੱਖਰੇਵੇਂ ਤੋਂ ਜਾਣੂ ਸਨ। ਉਹ ਸੁਚੇਤ ਰੂਪ ਵਿਚ ਭਾਰਤੀ ਦਰਸ਼ਨ ਪਰੰਪਰਾ ਨੂੰ ਸੰਬੋਧਨ ਹੁੰਦਿਆਂ ਇਹ ਦਰਸਾ ਰਹੇ ਹਨ ਕਿ ਗੁਰਮਤਿ ਵਿਆਖਿਆਕਾਰੀ ਅਤੇ ਅਧਿਐਨ ਲਈ ਲੋੜੀਂਦੀ ਦਾਰਸ਼ਨਿਕ ਦ੍ਰਿਸ਼ਟੀ ਦਾ ਆਧਾਰ ਭਾਰਤੀ ਦਰਸ਼ਨ ਨੂੰ ਬਣਾਉਣਾ ਚਾਹੀਦਾ ਹੈ। ਜਿਸ ਦੌਰ ਵਿਚ ਸਿੱਖ ਮੱਤ ਦਾ ਵਿਕਾਸ ਹੋ ਰਿਹਾ ਸੀ, ਉਸ ਵੇਲੇ ਦੀ ਸਮਾਜਕ-ਰਾਜਨੀਤਕ ਬਣਤਰ ਵਿਚ ਪੱਛਮੀ ਦਰਸ਼ਨ ਦਾ ਪ੍ਰਭਾਵ ਆਮ ਦੇਖਿਆ ਜਾ ਰਿਹਾ ਸੀ। ਭਾਰਤੀ ਦਰਸ਼ਨ ਪਰੰਪਰਾ ਵਿਚਲੀ ਅਦਵੈਤਵਾਦੀ ਵਿਸ਼ਵ ਦ੍ਰਿਸ਼ਟੀ ਦੀ ਆਪਣੀ ਵਿਲੱਖਣਤਾ ਹੈ। ਇਹੀ ਦ੍ਰਿਸ਼ਟੀ ਗੁਰਮਤਿ ਦਰਸ਼ਨ ਦਾ ਆਧਾਰ ਹੈ ਅਤੇ ਭਾਈ ਗੁਰਦਾਸ ਦੀ ਵਿਆਖਿਆਕਾਰੀ ਵੀ ਇਸ ਅਦਵੈਤਵਾਦੀ ਵਿਸ਼ਵ ਦ੍ਰਿਸ਼ਟੀ ਤੋਂ ਬਾਹਰ ਨਹੀਂ ਜਾਂਦੀ।

## ਹਵਾਲੇ ਤੇ ਟਿੱਪਣੀਆਂ

1. ਪ੍ਰੋ. ਜਗਬੀਰ ਸਿੰਘ, **ਭਾਰਤੀ ਗਿਆਨ ਪਰੰਪਰਾ ਅਤੇ ਗੁਰਬਾਣੀ (ਵਰਤਮਾਨ ਪਰਿਪੇਖ)**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ 144
2. भारतीय दर्शन तत्त्वतः आध्यात्मिक है। भारत में दर्शन और धर्म परस्पर आश्रित माने जाते हैं। यहाँ धर्म कट्टर विश्वासों का घर नहीं है बल्कि एक सजीव अनुभव है। धर्म आध्यात्मिक सत्य को प्राप्त करने का व्यावहारिक उपाय है। दर्शन सत्ता की मीमांसा करता है और उसके स्वरूप को विचार के द्वारा पकड़ता है जिससे मोक्ष की प्राप्ति होती है। इस तरह स्पष्ट है कि भारतीय दर्शन एक बौद्धिक विलास नहीं है, बल्कि एक आध्यात्मिक खोज है। भारतीय दर्शन, जदुनाथ सिन्हा, मोतीलाल बनारसीदास पब्लिशर्स प्राइवेट लिमिटेड, दिल्ली
3. "Idea and conceptualisation of Brahman is also unique in Indian Civilisational context. Before elaborating more on the conceptualisation of Brahman, it is important to define its meaning. Etymologically Brahman consists of Sanskrit words b?hat (बृहत) and Aham (अहम), means 'an Expanded Self'. Where B?hat means vastness, expansion, enlargement, etc and Aham is a connotations of 'Self' or 'Me'." Prof. Ravinder Singh, Development of Indian Intellectual practices and Knowledge Traditions, Summerhill, IIAS Shimla
4. ਪ੍ਰੋ. ਸੁਰਿੰਦਰ ਕੁਮਾਰ ਦਵੇਸ਼ਵਰ, **ਭਾਰਤੀ ਗਿਆਨ ਧਾਰਾ ਅਤੇ ਗੁਰੂ ਨਾਨਕ ਬਾਣੀ**, ਪੰਨਾ 116
5. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 565
6. ਪ੍ਰੋ. ਜਗਬੀਰ ਸਿੰਘ, **ਗੁਰਮਤਿ ਕਾਵਿ ਦਾ ਇਤਿਹਾਸ**, ਪੰਜਾਬੀ ਅਕਾਦਮੀ, ਦਿੱਲੀ
7. ਗੁਰੂ ਗ੍ਰੰਥ ਸਾਹਿਬ, ਪੰਨਾ 350
8. **ਉਹੀ**, ਪੰਨਾ 1427
9. **ਉਹੀ**, ਪੰਨਾ 611
10. **ਉਹੀ**, ਪੰਨਾ 97
11. **ਉਹੀ**, ਪੰਨਾ 463
12. ਭਾਈ ਗੁਰਦਾਸ, ਵਾਰ 1 ਪਉੜੀ 2
13. **ਉਹੀ**, ਵਾਰ 1 ਪਉੜੀ 11
14. **ਉਹੀ**, ਵਾਰ 1 ਪਉੜੀ 19
15. **ਉਹੀ**, ਵਾਰ 1 ਪਉੜੀ 20
16. **ਉਹੀ**, ਵਾਰ 1 ਪਉੜੀ 22
17. "ਮਹੱਤਵਪੂਰਣ ਗੱਲ ਇਹ ਹੈ ਕਿ ਭਾਰਤੀ ਅਤੇ ਅਬਰਾਹਮਿਕ ਸਭਿਅਤਾਵਾਂ ਦੀਆਂ ਮੂਲ ਧਾਰਣਾਵਾਂ ਵਿਚ ਬੁਨਿਆਦੀ ਅੰਤਰ ਹੈ। ਮਿਸਾਲ ਵਜੋਂ, ਅਬਰਾਹਮਿਕ ਸਭਿਅਤਾ ਮੁੱਢਲੇ ਤੌਰ 'ਤੇ ਵਿਸ਼ਵਾਸ (faith) ਉੱਤੇ ਆਧਾਰਿਤ ਹੈ ਜਦੋਂ ਕਿ ਭਾਰਤੀ ਸਭਿਅਤਾ ਆਤਮ-ਸਿੱਧੀ (self-realization) ਉੱਤੇ ਟਿਕੀ ਹੋਈ ਹੈ। ਅਬਰਾਹਮਿਕ ਸਭਿਅਤਾ ਦਾ 'ਰੱਬ' ਸਰਬਾਤੀਤ ਹੈ। ਉਹ ਚੌਦਾਂ ਤਬਕ ਤੋਂ ਬਾਹਰ ਰਹਿੰਦਾ ਹੈ ਜਦੋਂ ਕਿ ਭਾਰਤੀ ਸਭਿਅਤਾ ਦਾ 'ਬ੍ਰਹਮ' ਸਰਵ-ਵਿਆਪਕ ਹੈ। ਇਸਦੇ ਅੰਤਰਗਤ ਬ੍ਰਹਮ ਜਾਂ ਪਰਮ ਸੱਚ ਮਨੁੱਖੀ ਹੋਂਦ ਦੀ ਅਧਿਆਤਮਕ ਸਿੱਧੀ ਦਾ ਅੰਤਿਮ ਧਰਾਤਲ ਹੈ। ਹਰ ਜੀਵ ਦੇ ਮਨ-ਅੰਤਰ ਵਿਚ ਉਸੇ ਦਾ ਨਿਵਾਸ ਹੈ। ਭਾਰਤੀ ਸਭਿਅਤਾ ਦੀ ਬਿਹਤਰੀਨ ਪ੍ਰਾਪਤੀ 'ਧਰਮ' ਅਤੇ 'ਦਰਸ਼ਨ' ਦੇ ਹਵਾਲੇ ਨਾਲ ਸਾਹਮਣੇ ਆਉਂਦੀ ਹੈ। ਇੱਥੇ 'ਧਰਮ' ਦਾ ਸੰਕਲਪ ਵਿਸ਼ੇਸ਼ ਅਰਥਾਂ ਦਾ ਧਾਰਣੀ ਹੈ। ਇਸ ਦਾ ਕੋਸ਼-ਅਰਥ ਹੈ ਧਾਰਣ ਕਰਨਾ, ਲੈ ਜਾਣਾ, ਕਾਇਮ ਰੱਖਣਾ ਜਾਂ ਵਿਵਹਾਰ ਕਰਨਾ। ਇਸ ਤਰ੍ਹਾਂ ਤਕਨੀਕੀ ਅਰਥਾਂ ਵਿਚ 'ਧਰਮ' ਪ੍ਰਕਿਰਤੀ ਅਤੇ ਬ੍ਰਹਿਮੰਡ ਵਿਚ ਵਿਆਪਕ ਨੇਮ-ਵਿਧਾਨ ਅਤੇ ਸਮਾਜਕ ਜੀਵਨ ਨੂੰ ਨਿਯੰਤਰਿਤ ਕਰਨ ਵਾਲੀ ਨੈਤਿਕ ਵਿਵਸਥਾ ਦਾ ਲਖਾਇਕ ਬਣ ਜਾਂਦਾ ਹੈ। ਇਸ ਦੇ ਇਹ ਅਰਥ ਮਜ਼ਬ ਜਾਂ ਰਿਲੀਜਨ (religion) ਨਾਲੋਂ ਬਿਲਕੁਲ ਵੱਖਰੇ ਹਨ। ਧਰਮ ਦੀ ਇਹ ਸੰਕਲਪਨਾ ਸਨਾਤਨ ਧਰਮ ਤੋਂ ਲੈ ਕੇ ਬੋਧ, ਜੈਨ ਅਤੇ ਸਿੱਖ ਧਰਮ ਤਕ ਫੈਲੀ ਹੋਈ ਹੈ। ਇਹੀ ਕਾਰਨ ਹੈ ਕਿ ਭਾਰਤੀ ਸਭਿਅਤਾ ਨੂੰ ਕਈ ਵਾਰੀ ਧਰਮ-ਕੇਂਦ੍ਰਿਤ ਸਭਿਅਤਾ ਵੀ ਆਖਿਆ ਜਾਂਦਾ ਹੈ। "ਪ੍ਰੋ. ਜਗਬੀਰ ਸਿੰਘ, ਭਾਰਤੀ ਗਿਆਨ ਪਰੰਪਰਾ ਅਤੇ ਗੁਰਬਾਣੀ (ਵਰਤਮਾਨ ਪਰਿਪੇਖ), ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ 8.